**PANJABI TODAY** Tuesday, August 18, 2009 10:11:52 AM




Waheguru Ji Ka Khalsa -Waheguru Ji Ki Fateh - Welcome to www.panjabitoday.com .promote your music send to 5abi Radio will promote free. For more information plea:

*Site Links* *Welcome to Our Website* *Advertising*

- ਮੁੱਖ ਪੰਨਾ
- ਖਬਰਾਂ
- ਪੰਜਾਬ
- ਯੂਰਪ
- ਅੰਤਰਾਸ਼ਟਰੀ
- ਲੇਖ
- ਵਿਅੰਗ
- ਕਹਾਣੀਆਂ
- ਕਵਿਤਾਵਾਂ
- ਧਾਰਮਿਕ
- ਨਾਵਲ
- ਨਾਰੀ ਸੰਸਾਰ
- ਖੇਡ ਸਮਾਚਾਰ
- ਮੁਲਾਕਾਤਾਂ
- ਰਿਸ਼ਤੇ-ਨਾਤੇ
- ਫਿਲਮੀ ਦੁਨੀਆਂ
- ਸਾਡੇ ਪੱਤਰਕਾਰ
- ਤੁਹਾਡੇ ਪੱਤਰ
- ਸੰਪਰਕ
- ਹਾਸਰਸ
- ਰਾਜਨੀਤਿਕ
- ਸਮਾਜਿਕ
- ਸ੍ਰੀ ਗੁਰੂ ਗਰੰਥ ਸਾਹਿਬ
- ਸਿੱਖ ਦੀ ਤਾਰੀਫ
- English News

**WaheGuru Ji Ka Khalsa**

## ਇੰਡੀਅਨ ਸਪੋਰਟਸ ਕਲੱਬ (ਡੈਨਮਾਰਕ) ਵੱਲੋਂ ਪੰਜਵਾਂ ਸ਼ਾਨਦਾਰ ਖੇਡ ਮੇਲਾ ਕਰਵਾਇਆ ਗਿਆ।











ਯੂਰਪ(ਰੁਪਿੰਦਰ ਢਿੱਲੋ ਮੋਗਾ)- ਇੰਡੀਅਨ ਸਪੋਰਟਸ ਕਲੱਬ(ਡੈਨਮਾਰਕ) ਵੱਲੋ ਇਸ ਸਾਲ ਵੀ ਸ਼ਾਨਦਾਰ ਖੇਡ ਮੇਲੇ ਦਾ ਆਯੋਜਨ ਡੈਨਮਾਰਕ ਦੀ ਰਾਜਧਾਨੀ ਕੋਪਨਹੈਗਨ ਵਿਖੇ ਕਰਵਾਇਆ ਗਿਆ, ਜੋ ਕਿ ਹਰ ਪੱਖੋਂ ਯਾਦਗਾਰੀ ਅਤੇ ਸਫਲ ਹੋ ਨਿਬੜਿਆ। ਗੁਆਂਢੀ ਮੁਲਕਾਂ ਤੋਂ ਆਏ ਹੋਏ ਕਲੱਬਾਂ ਦੇ ਸਹਿਯੋਗ ਨਾਲ 2 ਦਿਨ ਚੱਲੇ ਇਸ ਖੇਡ ਮੇਲੇ ਦਾ ਆਨੰਦ ਕਲੱਬਾਂ ਦੇ ਖਿਡਾਰੀਆਂ ਤੋ ਇਲਾਵਾ ਨਜ਼ਦੀਕੀ ਮੁਲਕਾਂ ਤੋ ਆਏ ਖੇਡ ਪ੍ਰੇਮੀਆਂ ਅਤੇ ਡੈਨਮਾਰਕ ਵਿੱਚ ਵੱਸਦੇ ਭਾਰਤੀ ਮੂਲ ਖਾਸ ਕਰਕੇ ਪੰਜਾਬੀਆ ਨੇ ਮਾਣਿਆ। ਜਿਸ ਵਿੱਚ ਛੋਟੀ ਉਮਰ ਦੇ ਬੱਚੇ-ਬੱਚੀਆਂ ਤੋ ਲੈ ਕੇ ਜਵਾਨ ਉਮਰ ਦੇ ਦੋਨੋ ਵਰਗ ਅਤੇ ਸਿਆਣੀ ਉਮਰ ਦੇ ਬਜ਼ੁਰਗ ਵੀ ਪਿੱਛੇ ਨਹੀ ਰਹੇ। ਇਸ ਖੇਡ ਮੇਲੇ ਵਿੱਚ ਬੱਚੇ-ਬੱਚੀਆਂ ਦੀਆਂ ਖੇਡਾਂ, ਜਿਵੇ ਕਿ ਦੌੜਾਂ, ਫੁੱਟਬਾਲ ਮੈਚ, ਰੱਸਾ-ਕੱਸੀ ਅਤੇ ਬੱਚਿਆਂ ਦੀ ਕਬੱਡੀ ਤੋ ਇਲਾਵਾ ਪੰਜਾਬੀ ਗਭਰੂਆਂ ਦੀ ਜੀ ਜਾਨ ਖੇਡ ਕਬੱਡੀ ਦੇਖਣਯੋਗ ਸੀ। ਖੇਡ ਸਮਾਰੋਹ ਦੇ ਪਹਿਲੇ ਦਿਨ ਆਏ ਹੋਏ ਕਲੱਬਾਂ ਵਿੱਚਕਾਰ ਵਾਲੀਬਾਲ ਦੇ ਸ਼ੁਰੂਆਤੀ ਮੈਚ ਹੋਏ। ਬੱਚਿਆ ਦੀਆ ਖੇਡਾਂ ਤੋ ਇਲਾਵਾ, ਲੜਕੀਆ ਅਤੇ ਔਰਤਾਂ ਦੀਆ ਰੇਸਾਂ ਆਦਿ ਨਾਲ ਪਹਿਲੇ ਦਿਨ ਦੀ ਸਮਾਪਤੀ ਹੋਈ। ਪਹਿਲੇ ਦਿਨ ਦੀ ਸਮਾਪਤੀ ਤੋ ਬਾਅਦ ਕਲੱਬ  ਵੱਲੋ ਗੁਆਢੀ ਮੁਲਕਾਂ ਤੋ ਆਏ ਹੋਏ ਦਰਸ਼ਕਾਂ ਅਤੇ ਖਿਡਾਰੀਆਂ ਲਈ ਸ਼ਾਨਦਾਰ ਪਾਰਟੀ ਦਾ ਆਯੋਜਨ ਕੀਤਾ ਗਿਆ। ਆਏ ਹੋਏ ਹਰ ਇੱਕ ਦਰਸ਼ਕ ਅਤੇ ਖਿਡਾਰੀ ਦੀ ਬਰਾਤੀਆਂ ਨਾਲੋ ਵੱਧ ਸੇਵਾ ਕੀਤੀ ਗਈ ਅਤੇ ਸ਼ਾਮ ਦੌਰਾਨ ਖੂਬ ਭੰਗੜਾ ਪਿਆ ਅਤੇ ਪੰਜਾਬੀ ਗਾਣਿਆਂ ਦੀਆਂ ਧੁੰਨਾਂ ਤੇ ਇਕੱਠੇ ਹੋਏ ਪੰਜਾਬੀਆਂ ਨੇ ਖੂਬ ਰੌਣਕਾਂ ਲਾਈਆਂ।

ਖੇਡ ਮੇਲੇ ਦੇ ਦੂਸਰੇ ਦਿਨ ਸਵੇਰ ਤੋ ਹੀ ਗਰੌਇਨਡੇਲ ਸੈਂਟਰ ਦੀ ਨਜਦੀਕੀ ਗਰਾਊਂਡ ਵਿੱਚ ਦਰਸ਼ਕ ਅਤੇ ਖਿਡਾਰੀ ਇਕੱਠੇ ਹੋਣੇ ਸੂਰੂ ਹੋ ਗਏ। ਪਹਿਲੇ ਦਿਨ ਦੇ ਨਤੀਜਿਆ ਤੋ ਬਾਅਦ ਵਾਲੀਬਾਲ ਦੇ ਮੈਚ ਜਾਰੀ ਰਹੇ। ਇਸ ਵਾਰ ਸਮੈਸ਼ਿੰਗ(ਵਾਲੀਬਾਲ) ਚ ਨਾਰਵੇ ਤੋ ਦੇਸੀ ਵਾਈਕਿੰਗ ਜੇਤੂ ਅਤੇ ਆਜ਼ਾਦ ਕੱਲਬ ਨਾਰਵੇ ਦੂਸਰੇ ਨੰਬਰ ਤੇ ਰਿਹਾ। ਸ਼ੂਟਿੰਗ(ਵਾਲੀਬਾਲ) ਦਾ ਫਾਈਨਲ ਮੁਕਾਬਲਾ ਸਮੇਂ ਦੀ ਘਾਟ ਕਾਰਨ ਨਾ ਹੋ ਸਕਿਆ ਅਤੇ ਕਲੱਬਾਂ ਦੀ ਆਪਸੀ ਰਜਾਮੰਦੀ ਨਾਲ ਫੈਸਲਾ ਕਰਕੇ ਇੰਡੀਅਨ ਸਪੋਰਟਸ ਕਲੱਬ ਡੈਨਮਾਰਕ ਪਹਿਲੇ ਅਤੇ ਨਾਰਵੇ ਤੋ ਦਸਮੇਸ਼ ਕੱਲਬ ਦੂਸਰੇ ਨੰਬਰ ਤੇ ਰਿਹਾ। ਭਾਗ ਲੈਣ ਵਾਲੇ ਕਲੱਬਾਂ ਦਾ ਵੇਰਵਾ ਇਸ ਤਰਾਂ ਰਿਹਾ, ਨਾਰਵੇ ਤੋ ਆਜ਼ਾਦ ਸਪੋਰਟਸ ਕਲੱਬ, ਅਣਖੀਲਾ ਪੰਜਾਬ ਕਲੱਬ, ਦੇਸੀ ਵਾਈਕਿੰਗ ਕਲੱਬ, ਸ਼ੇਰੇ ਪੰਜਾਬ ਕਲੱਬ, ਸ਼ਹੀਦ ਬਾਬਾ ਦੀਪ ਸਿੰਘ ਕਲੱਬ(ਪੱਡਾ ਕਲੱਬ), ਓਸਲੋ ਇੰਡੀਅਨ ਕਲੱਬ, ਦਸਮੇਸ਼ ਕਲੱਬ ਆਦਿ ਨੇ ਖੇਡ ਮੇਲੇ ਦੀਆਂ ਵੱਖ ਵੱਖ ਖੇਡਾਂ ਚ ਭਾਗ ਲਿਆ। ਦੂਸਰੇ ਪਾਸੇ ਡੈਨਮਾਰਕ ਤੋ ਇੰਡੀਅਨ ਸਪੋਰਟਸ ਕਲੱਬ ਦੀ ਏ ਅਤੇ ਬੀ ਟੀਮ, ਐਲ ਟੀ ਕਲੱਬ, ਜੋਸ਼ੀਲੇ ਕਲੱਬ ਅਤੇ ਬਾਇਉ-ਟੈੱਕ ਕਲੱਬ ਆਦਿ ਨੇ ਭਾਗ ਲਿਆ।

ਖੇਡ ਮੇਲੇ ਦੇ ਦੂਸਰੇ ਦਿਨ ਤਕਰੀਬਨ 2 ਕੁ ਵਜੇ ਪੰਜਾਬੀ ਦੀ ਹਰਮਨ ਪਿਆਰੀ ਖੇਡ ਕਬੱਡੀ ਦਾ ਪਹਿਲਾ ਮੈਚ ਨਾਰਵੇ ਦੇ ਸ਼ਹੀਦ ਬਾਬਾ ਦੀਪ ਸਿੰਘ ਕਲੱਬ ਅਤੇ ਡੈਨਮਾਰਕ ਤੋ ਇੰਡੀਅਨ ਸਪੋਰਟਸ ਕਲੱਬ ਦੀ ਕਬੱਡੀ ਟੀਮ ਵਿਚਕਾਰ ਹੋਇਆ। ਦੋਨਾ ਟੀਮਾਂ ਨੇ ਬਹੁਤ ਹੀ ਸੋਹਣੀ ਕਬੱਡੀ ਦਾ ਪ੍ਰਦਰਸ਼ਨ ਕੀਤਾ। ਇਸ ਮੈਚ ਦੀ ਜਿੱਤ ਦਾ ਸਿਹਰਾ ਡੈਨਮਾਰਕ ਦੀ ਟੀਮ ਗਲ ਪਿਆ। ਕਬੱਡੀ ਦਾ ਫਾਈਨਲ ਮੈਚ ਨਾਰਵੇ ਤੋ ਸ਼ੇਰੇ ਪੰਜਾਬ ਕਬੱਡੀ ਕਲੱਬ ਅਤੇ ਇੰਡੀਅਨ ਸਪੋਰਟਸ ਕਲੱਬ ਵਿਚਕਾਰ ਹੋਇਆ ਅਤੇ ਦੋਨਾ ਟੀਮਾਂ ਦੀ ਸੋਹਣੀ ਖੇਡ ਦਾ ਨਜਾਰਾ ਦਰਸ਼ਕਾ ਨੂੰ ਵੇਖਣ ਨੂੰ ਮਿਲਿਆ, ਪਰ ਇਸ ਵਾਰ ਵੀ ਨਾਰਵੇ ਵਾਲੇ ਡੈਨਮਾਰਕ ਚ ਬਾਜੀ ਮਾਰ ਗਏ ਅਤੇ ਸ਼ੇਰੇ ਪੰਜਾਬ ਕਲੱਬ ਨਾਰਵੇ ਵਾਲੇ ਕਬੱਡੀ ਕੱਪ ਦੇ ਹੱਕਦਾਰ ਬਣੇ। ਸ਼ੇਰੇ ਪੰਜਾਬ ਨਾਰਵੇ ਵੱਲੋਂ ਸੋਨੀ ਚੱਕਰ, ਦਵਿੰਦਰ ਜੋਹਲ(ਕੂਪੁਰ ਕਾਠਾਰ), ਰਿੰਕਾ ਗਰੇਵਾਲ, ਰਿੰਕੂ, ਰਾਜਾ, ਗੋਰਾ, ਰਣਜੀਤ ਸਿੰਘ, ਗੁਰਮੱਖ, ਹਰਮਨ, ਬਲਵਿੰਦਰ ਸਿੱਧੂ(ਐਤੀਆਣਾ)ਸੋਨੂ, ਹਰਪਾਲ ਸਿੰਘ ਬੀੜਿੰਗ ਆਦਿ ਨੇ ਹਿੱਸਾ ਲਿਆ।

ਖੇਡ ਮੇਲੇ ਦੇ ਆਖਿਰ ਵਿੱਚ *ਹੀਰ ਆਫ ਡੈਨਮਾਰਕ* ਦੇ ਨਾਮ ਨਾਲ ਜਾਣੀ ਜਾਂਦੀ ਅਨੀਤਾ ਲੇਅੱਅਕੇ ਨੇ ਆਪਣੀ ਸੁਰੀਲੀ ਆਵਾਜ ਨਾਲ ਪੰਜਾਬੀਆ ਨੂੰ ਖੂਬ ਨਚਾਇਆ। ਅਨੀਤਾ ਦੇ ਗਾਣੇ *ਅੱਜ ਗੋਰੀ ਨੇ ਨਚਾਉਣਾ ਏ ਪੰਜਾਬੀਆ ਨੂੰ ਠੁਮਕੇ ਦੀ ਚਾਲ ਦੇ ਓੱਤੇ* ਉੱਪਰ ਦਰਸ਼ਕਾ ਨੇ ਖੂਬ ਭੰਗੜਾ ਪਾਇਆ। ਡੈਨਮਾਰਕ ਤੋ ਹੀ ਪੰਜਾਬੀ ਗਾਇਕ ਮਨਜੀਤ ਕੁਮਾਰ ਨੇ ਵੀ ਪ੍ਰੋਗਰਾਮ ਦੋਰਾਨ ਆਪਣੀ ਸੁਰੀਲੀ ਆਵਾਜ ਨਾਲ ਦਰਸ਼ਕਾ ਨੂੰ ਕੀਲੀ ਰੱਖਿਆ।

ਖੇਡ ਮੇਲੇ ਦੇ ਆਖਿਰ ਵਿੱਚ ਕਲੱਬ ਵੱਲੋ ਜੇਤੂ ਬੱਚੇ, ਬੱਚੀਆਂ ਅਤੇ ਜੇਤੂ ਟੀਮਾਂ ਨੂੰ ਆਕਰਸ਼ਕ ਇਨਾਮ ਦੇ ਸਨਮਾਨਿਆ ਗਿਆ। ਖੇਡ ਮੇਲੇ ਦੇ ਮੁੱਖ ਮਹਿਮਾਨ ਸ੍ਰ.ਮਨਜੀਤ ਸਿੰਘ ਸੰਧੂ ਅਤੇ ਸ੍ਰ.ਸੁਖਦੇਵ ਸਿੰਘ ਸੰਧੂ ਨੇ ਜੇਤੂਆਂ ਨੂੰ ਇਨਾਮ ਵੰਡੇ। ਖੇਡ ਮੇਲੇ ਦੌਰਾਨ ਦੋਨੋਂ ਦਿਨ ਗੁਰੂ ਕਾ ਲੰਗਰ ਆਖਿਰ ਤੱਕ ਵਰਤਦਾ ਰਿਹਾ ਅਤੇ ਨਾਰਵੇ ਤੋ ਸ੍ਰ.ਪ੍ਰਗਟ ਸਿੰਘ ਜਲਾਲ, ਡੈਨਮਾਰਕ ਤੋ ਰੁਪਿੰਦਰ ਸਿੰਘ ਬਾਵਾ ਅਤੇ ਸਾਥੀ ਲੰਗਰ ਵਰਤਾਉਣ ਦੀ ਸੇਵਾ ਤੇ ਡੱਟੇ ਰਹੇ। ਵੱਖ ਵੱਖ ਮੈਚਾ ਦੋਰਾਨ ਰੈਫਰੀ ਦੀ ਜ਼ੁੰਮੇਵਾਰੀ ਸ੍ਰ.ਕੁਲਵਿੰਦਰ ਸਿੰਘ ਰਾਣਾ (ਚੰਡੀਗੜੀਆ), ਸ੍ਰ ਦਵਿੰਦਰ ਸਿੰਘ ਜੌਹਲ, ਸਾਬੀ ਪੱਤੜ, ਬਲਜੀਤ ਸਿੰਘ ਬੱਗਾ, ਸੋਨੀ ਚੱਕਰ, ਮਹਿੰਦਰ ਸਿੰਘ ਜਨੇਤਪੁਰੀਆ, ਸ੍ਰ ਮੇਜਰ

ਸਿੰਘ ਚੀਮਾ (ਗੁਰਦਾਸਪੁਰੀਆ) ਆਦਿ ਨੇ ਬੇਖੂਬੀ ਨਾਲ ਨਿਭਾਈ, ਹੋਰਨਾ ਤੋ ਇਲਾਵਾ ਇਸ ਖੇਡ ਮੇਲੇ ਚ ਨਾਰਵੇ ਤੋ ਅਕਾਲੀ ਦਲ ਬਾਦਲ ਦੇ ਚੇਅਰਮੈਨ ਸ੍ਰ ਕਸ਼ਮੀਰ ਸਿੰਘ ਬੋਪਾਰਾਏ,ਸ੍ਰ ਗੁਰਦਿਆਲਸਿੰਘ ਪੱਡਾ, ਸ੍ਰ ਜੋਗਿੰਦਰ ਸਿੰਘ ਬੈਸ(ਤੱਲਣ),ਸ੍ਰ ਗੁਰਮੇਲ ਸਿੰਘ ਬੈਸ,ਸ੍ਰ ਦਰਬਾਰਾ ਸਿੰਘ, ਸ੍ਰ ਕੁਲਦੀਪ ਸਿੰਘ ਵਿਰਕ, ਸ੍ਰ ਹਰਦਿਆਲ ਸਿੰਘ,ਸ੍ਰ ਸੁਰਜੀਤ ਸਿੰਘ ਸਿੰਘ(ਇੰਡੀਅਨ ਵੈਲੇਫਐਰ ਸੋਸਾਇਟੀ ਨਾਰਵੇ) ਰੁਪਿੰਦਰ ਢਿੱਲੋ ਮੋਗਾ, ਸ੍ਰ ਮਲਕੀਅਤ ਸਿੰਘ, ਬਿੰਦਰ ਮੱਲੀ, ਅਸ਼ਵਨੀ ਕੁਮਾਰ, ਹਰਵਿੰਦਰ ਪਰਾਸ਼ਰ,ਸ੍ਰ ਮੱਖਣ ਸਿੰਘ (ਸਵੀਡਨ), ਸ੍ਰ ਹਰਭਜਨ ਸਿੰਘ ਤੱਤਲਾ(ਪ੍ਰਧਾਨ ਇੰਡੀਅਨ ਓਵਰਸੀਲ ਕਾਂਗਰਸ ਡੈਨਮਾਰਕ)ਸ੍ਰ ਜਾਗੀਰ ਸਿੰਘ ਸੰਧੂ(ਨਿਹਾਲੇਵਾਲਾ ਡੈਨਮਾਰਕ),ਜਿੰਦਰ ਸਿੰਘ(ਚੁਘਾ ਕਲਾ ਮੋਗਾ) ਆਦਿ ਹੋਣਾ ਨੇ ਦਰਸ਼ਕ ਬਣ ਹਾਜ਼ਰੀ ਲਵਾਈ।

ਇਸ ਸਫਲ ਖੇਡ ਮੇਲੇ ਨੂੰ ਕਰਾਉਣ ਦਾ ਸਿਹਰਾ ਇੰਡੀਅਨ ਸਪੋਰਟਸ ਕਲੱਬ ਦੇ ਪ੍ਰਧਾਨ ਕੁਲਵਿੰਦਰ ਸਿੰਘ ਜੌਹਲ(ਪਿੰਦਾ ਜਨੇਤਪੁਰੀਆ),ਜੁਗਰਾਜ ਸਿੰਘ ਤੂਰ(ਰਾਜੂ ਸੱਵਦੀ),ਗੁਰਪ੍ਰੀਤ ਸਿੰਘ ਸੰਘੇੜਾ(ਬਿਲਗਾ), ਹਰਤੀਰਥ ਸਿੰਘ ਥਿੰਦ(ਪਰਜੀਆਂ ਕਲਾਂ),ਮਨਜੀਤ ਸਿੰਘ ਸੰਘਾ(ਜੋਗੇਵਾਲੀਆਮੋਗਾ),ਜਸਵਿੰਦਰ ਸਿੰਘ ਜੌਹਲ (ਭੋਲਾ ਜਨੇਤਪੁਰੀਆ), ਗੁਰਵਿੰਦਰ ਸਿੰਘ, ਮੇਜਰ ਸਿੰਘ ਚੀਮਾ (ਗੁਰਦਾਸਪੁਰ),ਅਵਤਾਰ ਸਿੰਘ ਰੁਪਿੰਦਰ ਸਿੰਘ ਬਾਵਾ, ਲਾਭ ਸਿੰਘ(ਰਾਉਕੇ ਮੋਗਾ) ਅਤੇ ਇਹਨਾਂ ਦੇ ਸਾਰੇ ਸਾਥੀਆਂ ਨੂੰ ਜਾਂਦਾ ਹੈ।

## ਪੈਰਿਸ ਵਿੱਚ ਮਿ.ਰੰਜਨ ਮਿਥਾਈਲ ਭਾਰਤੀ ਰਾਜਦੂਤ ਨੇ ਝੰਡੇ ਨੂੰ ਸਲਾਮੀ ਦਿੱਤੀ।

ਪੈਰਿਸ 15ਅਗਸਤ(ਧਰਮਵੀਰ ਨਾਗਪਾਲ) ਹਰ ਸਾਲ ਦੀ ਤਰਾਂ ਇਸ ਸਾਲ ਵੀ ਇੰਡੀਅਨ ਅਬੈਸੀ ਪੈਰਿਸ-16 ਵਿੱਚ ਭਾਰਤ ਦੀ ਆਜਾਦੀ ਦਾ 63ਵਾਂ ਆਜਾਦੀ ਦਿਹਾੜਾ ਬਹੁਤ ਹੀ ਚਾਵਾਂ ਤੇ ਖੁਸ਼ੀਆ ਨਾਲ ਮਨਾਇਆ ਗਿਆ,ਜਿਸ ਵਿੱਚ ਝੰਡੇ ਨੂੰ ਸਲਾਮੀ ਦੇਣ ਦੀ ਰਸਮ ਭਾਰਤੀ ਅਬੈਂਸੀ ਦੇ ਰਾਜਦੂਤ ਮਿ.ਰੰਜਨ ਮਿਥਾਈਲ ਜੀ ਨੇ ਅਦਾ ਕੀਤੀ ਅਤੇ ਉਹਨਾਂ ਦੇ ਨਾਲ ਭਾਰਤ ਦੇ ਜਲ ਸੈਨਾ,ਥਲ ਸੈਨਾ ਅਤੇ ਹਵਾਈ ਸੈਨਾ ਦੇ ਕਮਾਂਡਰ ਵੀ ਨਾਲ ਮੋਜੂਦ ਸਨ।ਇੰਡੀਅਨ ਅਬੈਸੀ ਦੇ ਰਾਜਦੂਤ ਮਿ.ਮਿਥਾਈਲ ਜੀ ਨੇ ਸਮੂਹ ਆਏ ਹੋਏ ਲੋਕਾਂ ਦੇ ਇੱਕਠ ਨੂੰ ਭਾਰਤ ਦੀ ਆਜਾਦੀ ਦਿਵਸ ਦੀਆ ਮੁਬਾਰਕਾ ਦਿੰਦੇ ਹੋਏ ਕਿਹਾ ਕਿ ਇਹ ਦਿਨ ਸਮੂਹ ਇੰਡੀਅਨ ਲੋਕਾਂ ਵਾਸਤੇ ਬਹੁਤ ਮਹੱਤਤਾ ਰੱਖਦਾ ਹੈ ਅਤੇ ਅਸੀ ਇਸ ਦਿਨ ਹੀ ਉਹਨਾਂ ਮਹਾਨ ਸ਼ਹੀਦਾ ਨੂੰ ਵੀ ਯਾਦ ਕਰਦੇ ਹਨ ਜਿਨਾਂ ਨੇ ਭਾਰਤ ਦੇਸ਼ ਨੂੰ ਆਜਾਦ ਕਰਵਾਇਆ ਸੀ।ਉਹਨਾਂ ਇਹ ਵੀ ਕਿਹਾ ਕਿ ਜਿਸ ਤਰਾਂ ਭਾਰਤ ਦੇ ਰਾਸ਼ਟਰਪਤੀ ਮੈਡਮ ਪ੍ਰਤਿਭਾ ਸਿੰਘ ਪਾਟਿਲ ਨੇ ਆਪਣੇ ਰਾਸ਼ਟਰੀ ਸੰਦੇਸ਼ ਵਿੱਚ ਕਿਹਾ ਹੈ ਕਿ ਰਾਸ਼ਟਰ ਦੀ ਏਕਤਾ ਹੀ ਅੱਜ ਦੇ ਸਮੇਂ ਲਈ ਚੈਲੇਂਜ ਹੈ ਅਤੇ ਸਾਨੂੰ ਉਹ ਕੰਮ ਕਰਨੇ ਚਾਹੀਦੇ ਹਨ ਜਿਸ ਨਾਲ ਦੇਸ਼ ਖੁਸ਼ਹਾਲ ਹੋਵੇ ਅਤੇ ਦੇਸ਼ ਦਾ ਚੰਹੂ ਪੱਖੀ ਵਿਕਾਸ ਹੋਵੇ।ਇਸ ਸ਼ੁਭ ਅਵਸਰ ਤੇ ਡਾ.ਪਰੀਤਬੰਧਾ ਮੁੱਖਰਜੀ ਵਲੋਂ ਪੰਜ ਸੌ ਰਾਗਾ ਵਿੱਚ ਲਿਖੀ ਗਈ ਪੁਸਤਕ ਦਾ ਵਿਮੋਚਨ ਵੀ ਭਾਰਤੀ ਰਾਜਦੂਤ ਦੇ ਕਰ ਕਮਲਾ ਨਾਲ ਕੀਤਾ ਗਿਆ।ਡਾਕਰਟ ਪਰੀਤਬੰਧਾ ਨੇ ਪੈਰਿਸ ਮੀਡੀਆ ਨੂੰ ਜਾਣਕਾਰੀ ਦਿੰਦੀਆ ਕਿਹਾ ਕਿ ਇਹ ਕਿਤਾਬ ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਮੈਡਮ ਇੰਦਰਾ ਗਾਂਧੀ ਅਤੇ ਸ੍ਰੀ ਰਵਿ ਸ਼ੰਕਰ ਦੁਆਰਾ ਮਾਨਤਾ ਪ੍ਰਾਪਤ ਕੀਤੀ ਹੋਈ ਸੀ।ਫਰਾਂਸ ਦੇ ਮਸ਼ਹੂਰ ਗਾਇਕਕਾਰ ਨੇ ਇਸੇ ਕਿਤਾਬ ਵਿਚੋਂ ਹੀ"ਮਾਂ ਤੁਝੇ ਬੁਲਾਤੀ ਹੈ"ਗੀਤ ਗਾਕੇ ਦੇਸ਼ ਪ੍ਰੇਮੀਆ ਨੂੰ ਹੋਰ ਆਨੰਦ ਮਈ ਕਰ ਦਿੱਤਾ।ਇਸ ਆਜਾਦੀ ਦੇ ਸ਼ੁਭ ਦਿਹਾੜੇ ਤੇ ਛੋਟੇ ਛੋਟੇ ਬਚਿਆ ਨੇ ਆਪਣੇ ਚਿਹਰਿਆ ਤੇ ਤਿਰੰਗੇ ਝੰਡਿਆ ਦੇ ਰੰਗ ਵੀ ਲਗਾ ਰੱਖੇ ਸਨ ਜਿਨਾਂ ਵਿਚੋਂ ਛੋਟੀ ਜਿਹੀ ਬੇਟੀ ਨਿਸ਼ਾ ਅਤੇ ਰਾਭਵ ਖੰਦੂਜਾ ਦੇ ਨਾਂ ਜਿਕਰਯੋਗ ਹਨ।ਇੰਡੀਆ ਦੇ ਸਟੇਟ ਪੰਜਾਬ ਦੇ ਸ੍ਰ.ਮਨੋਹਰ ਸਿੰਘ ਸੰਧੂ,ਸ੍ਰ;ਜਗਰੂਪ ਸਿੰਘ ਸੰਧੂ ਅਤੇ ਸ੍ਰ;ਗੁਰਪ੍ਰੀਤ ਸਿੰਘ ਜਲੰਧਰ ਵਾਸੀ,ਮਿਸਟਰ ਭੁਪਿੰਦਰ ਲਾਲ ਫਗਵਾੜਾ ਅਤੇ ਮਿ.ਮੁਕੇਸ਼ ਪੁਰੀ ਨੇ ਆਪਣੇ ਦੇਸ਼ ਲਈ ਹਰ ਤਰਾਂ ਦੀ ਏਕਤਾ ਲਈ ਹਰ ਤਰਾਂ ਦੀ ਕੁਰਬਾਨੀ ਦੇਣ ਲਈ ਮੀਡੀਆ ਰਾਹੀ ਆਪਣੇ ਵਿਚਾਰ ਪੇਸ਼ ਕੀਤੇ।ਮਿਸਟਰ ਰੰਜਨ ਮਿਥਾਈਲ ਜੀ ਭਾਰਤੀ ਰਾਜਦੂਤ ਸਮੂਹ ਵਰਗ ਦੇ ਲੋਕਾ ਵਲੋਂ ਆਜਾਦੀ ਦਿਵਸ ਦੀਆ ਮੁਬਾਰਕਾ ਕਬੂਲ ਕਰ ਰਹੇ ਸਨ ਅਤੇ ਉਹਨਾਂ ਦੇ ਨਾਲ ਮਿ;ਵਿਜੈ ਖੰਡੂਜਾ,ਸੈਕੇਂਡ ਸੈਕਟਰੀ,ਮਿ.ਪ੍ਰਦੀਪ ਕੁਮਾਰ ਸ਼ਰਮਾ ਚੀਫ ਕਾਉਂਸਲਰ ਇੰਡੀਅਨ ਅਬੈਂਸੀ ਤੋਂ ਇਲਾਵਾ ਮੈਸ਼ਰਜ ਖੋਸਲਾ ਜੀ,ਮੈਸ਼ਰਜ ਗੂਜਾ ਜੀ ਮੈਸ਼ਰਜ ਮੁਕੇਸ਼ ਪੁਰੀ ਜੀ ਅਤੇ ਸਮੂਹ ਸਟਾਫ ਇੰਡੀਅਨ ਅਬੈਂਸੀ ਪੈਰਿਸ ਦਾ ਆਏ ਹੋਏ ਦੇਸ ਪ੍ਰੇਮੀਆ ਨੂੰ ਚਾਹ,ਜੂਸ ਅਤੇ ਮਿਠਾਈਆ ਲੈਣ ਲਈ ਬੇਨਤੀ ਕਰ ਰਹੇ ਸਨ।

## ਬੇਟੀ ਨਵਨੀਤ ਕੌਰ ਨੂੰ ਜਨਮ ਦਿਨ ਦੀਆ ਮੁਬਾਰਕਾ ਹੋਣ

ਪੈਰਿਸ 15ਅਗਸਤ (ਧਰਮਵੀਰ ਨਾਗਪਾਲ)ਨਵਨੀਤ ਕੌਰ ਬੇਟੀ ਮੈਡਮ ਪ੍ਰਿਤਪਾਲ ਕੌਰ ਜਿਸਦੇ ਪਾਪਾ ਦਾ ਨਾਮ ਸ੍ਰ ਮੇਜਰ ਸਿੰਘ ਹੈ ਦਾ ਜਨਮ ਦਿਨ ਵੀਰਵਾਰ12ਅਗਸਤ ਨੂੰ ਲਾ-ਬੁਰਜੇ ਫਰਾਂਸ ਵਿਖੇ ਸਮੂਹ ਪਰਿਵਾਰ ਅਤੇ ਰਿਸਤੇਦਾਰਾ ਸਣੇ ਖੁਸ਼ੀਆ ਨਾਲ ਮਨਾਇਆ ਗਿਆ।ਸ਼ੇਰੇ ਪੰਜਾਬ ਕੰਪਲੈਕਸ਼ ਦੇ ਸਮੂਹ ਸਟਾਫ ਕਾਲੇਜ ਸਕੂਲ ਦੇ ਸਟਾਫ ਅਤੇ ਰਿਹਾਇਸ਼ੀ ਪਰਿਵਾਰਾ ਵਲੋਂ ਸ੍ਰ;ਮੇਜਰ ਸਿੰਘ ਜੀ ਨੂੰ ਉਹਨਾਂ ਦੀ ਬੇਟੀ ਦੇ ਜਨਮ ਦਿਵਸ ਦੀਆ ਮੁਬਾਰਕਾ ਦਿਤੀਆ ਹਨ ਅਤੇ ਨਾਲ ਹੀ ਪੈਰਿਸ ਦਾ ਸਮੂਹ ਪੰਜਾਬੀ ਮੀਡੀਆ ਨਵਨੀਤ ਕੌਰ ਬੇਟੀ ਮੇਜਰ ਸਿੰਘ ਲਾ-ਬੁਰਜੇ ਫਰਾਂਸ ਦੇ 11ਵੇਂ ਜਨਮ ਦਿਨ ਦੀਆ ਖੁਸ਼ੀਆ ਵਿੱਚ ਸ਼ਾਮਲ ਹੁੰਦੇ ਹੋਏ ਹੈਪੀ ਬਰਥ ਡੇ ਟੂ ਯੂ ਕਹਿੰਦਾ ਹੈ।

## ਪੰਜਾਬ ਸਪੋਰਟਸ ਕਲੱਬ ਵਲੋਂ ਕਰਾਏ ਜਾ ਰਹੇ 23ਅਗਸਤ ਨੂੰ ਕੱਬਡੀ ਟੂਰਨਾਮੈਂਟ ਵਿੱਚ ਜਲੇਬੀਆ ਤੇ ਚਾਹ ਦੀ ਫਰੀ ਸੇਵਾ ਸ਼ੇਰੇ ਪੰਜਾਬ ਕੰਪਲੈਕਸ਼ ਵਲੋਂ ਕੀਤੀ ਜਾਵੇਗੀ।